ਵੱਲੋ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਸੈਕਸ਼ਨਿੰਗ ਅਥਾਰਟੀਆਂ
ਰਜਿਸਟਰਾਰ (ਸੈਕਸ਼ਨਿੰਗ ਅਥਾਰਟੀਜ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ : ਜਲੰਧਰ
3. ਇੰਡੀਅਨ ਇੰਸ : ਆਫ ਟੈਕ : ਰੋਪੜ
4. ਸੰਤ ਲੋਗੋਂਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ
6. ਥਾਪਰ ਯੂਨੀਵਰਸਿਟੀ ਪਟਿਆਲਾ ।

7 ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ

8-22 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ , ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ ਫਿਰੋਜਪੁਰ, ਬਡਬਰ ।

23-28 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ , ਪਟਿਆਲਾ ਲੁਧਿਆਣਾ ਅਤੇ ਰੋਪੜ ।

29 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ ।

ਮੀਮੋ ਨੰ: 1/ਟੀ.ਈ/ਸਕਾਲਰਸ਼ਿਪ/ 1183-1211 ਮਿਤੀ: 5/8/16

ਵਿਸ਼ਾ - **ਪੱਛੜੀ ਸ੍ਰੇਣੀ ਦੇ ਸਰਟੀਫਿਕੇਟ ਦੇ ਫਾਰਮੈਟ ਅਤੇ ਪੱਛੜੀ ਸ੍ਰੇਣੀ ਦੇ ਸਰਟੀਫਿਕੇਟ ਦੀ ਵੈਧਤਾ ਸਬੰਧੀ।**

ਆਪ ਨੂੰ ਪੰਜਾਬ ਸਰਕਾਰ ਸਕੱਤਰ ਭਲਾਈ ਵਿਭਾਗ ਜੀ ਭਲਾਈ ਵਿਭਾਗ(ਰਿਜ਼ਰਵੇਸ਼ਨ ਸੈੱਲ) ਪਾਸੋਂ ਪ੍ਰਾਪਤ ਪੱਤਰ ਨੰ: 1/02/2016-ਰਸ1/786587/1 ਮਿਤੀ 30/6/2016 ਦੀ ਕਾਪੀ ਸਹਿ ਪੱਤਰਾਂ ਸਮੇਤ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਵਿੱਚ ਭਲਾਈ ਵਿਭਾਗ ਵੱਲੋਂ ਦਰਸਾਈਆਂ ਹਦਾਇਤਾਂ ਨੂੰ ਆਪਦੀ ਅਤੇ ਆਪਦੇ ਅਧੀਨ ਆਉਂਦੀਆਂ ਸੰਸਥਾਵਾਂ ਵਿੱਚ ਇੰਨ-ਬਿੰਨ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

ਨੱਥੀ/ਉਪਰੋਕਤ ਅਨੁਸਾਰ

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: /ਸਕਾਲਰਸ਼ਿਪ: ਮਿਤੀ :

ਉਪਰੋਕਤ ਦਾ ਇੱਕ ਉਤਾਰਾ ਪੰਜਾਬ ਸਰਕਾਰ ਸਕੱਤਰ ਭਲਾਈ ਵਿਭਾਗ(ਰਿਜ਼ਰਵੇਸ਼ਨ ਸੈੱਲ) ਪੰਜਾਬ ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: 1/02/2016-ਰਸ1/786587/1 ਮਿਤੀ 30/6/2016 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੰ:1/02/2016-ਰਸ1/786587/1

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈੱਲ)

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
   ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
   ਰਾਜ ਦੇ ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
   ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼,
   ਰਾਜ ਦੇ ਸਮੂਹ ਉਪ ਮੰਡਲ ਮੈਜਿਸਟਰੇਟ।

2. ਰਜਿਸਟਰਾਰ,
   ਪੰਜਾਬੀ ਯੂਨੀਵਰਸਿਟੀ, ਪਟਿਆਲਾ।
   ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
   ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
   ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ।
   ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ।
   ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ।

ਮਿਤੀ, ਚੰਡੀਗੜ੍ਹ: 30-06-2016

ਵਿਸ਼ਾ - ਪੱਛੜੀ ਸ਼੍ਰੇਣੀ ਦੇ ਸਰਟੀਫਿਕੇਟ ਦੇ ਫਾਰਮੇਟ ਅਤੇ ਪੱਛੜੀ ਸ਼੍ਰੇਣੀ ਦੇ ਸਰਟੀਫਿਕੇਟ ਦੀ ਵੈਧਤਾ ਸਬੰਧੀ।

*******

ਭਲਾਈ ਵਿਭਾਗ ਦੇ ਪੱਤਰ ਨੰ: 1/41/96-ਰਸ1/992-1002 ਮਿਤੀ 18.08.2004 ਰਾਹੀ ਹਦਾਇਤ ਕੀਤੀ ਗਈ ਸੀ ਕਿ ਪੰਜਾਬ ਸਰਕਾਰ ਦੀਆ ਹਦਾਇਤਾਂ ਅਨੁਸਾਰ ਪੱਛੜੀਆ ਸ਼੍ਰੇਣੀਆ ਸਰਟੀਫਿਕੇਟ ਦੇ ਪਰਫਾਰਮੇ ਤੇ ਜਾਰੀ ਪੱਛੜੀ ਸ਼੍ਰੇਣੀ ਸਰਟੀਫਿਕੇਟ ਸਮੂਹ ਸਬੰਧਤ ਅਥਾਰਟੀਜ਼ ਵੱਲੋਂ ਸਵੀਕਾਰ ਕੀਤਾ ਜਾਵੇਗਾ, ਸਬੰਧਤ ਅਥਾਰਟੀਜ਼ ਵੱਲੋਂ ਆਪਣੇ ਪੱਧਰ ਤੇ ਸਰਟੀਫਿਕੇਟਾਂ ਦੇ ਪਰਫਾਰਮੇ ਤਿਆਰ ਨਹੀ ਕੀਤੇ ਜਾਣਗੇ ਅਤੇ ਸਬੰਧਤ ਅਥਾਰਟੀਜ਼ ਸਰਟੀਫਿਕੇਟ ਦੀ ਦੋ ਮਹੀਨੇ ਦੇ ਅੰਦਰ ਵੈਰੀਫਿਕੇਸ਼ਨ ਕਰਵਾਉਣਗੇ।

2 ਭਲਾਈ ਵਿਭਾਗ ਦੇ ਪੱਤਰ ਨੰ:10/9/2009-ਰਸ1/62 ਮਿਤੀ 8.1.2010 ਰਾਹੀ ਹਦਾਇਤ ਕੀਤੀ ਗਈ ਹੈ ਕਿ ਪੱਛੜੀ ਸ਼੍ਰੇਣੀ ਦੇ ਵਿਅਕਤੀ ਨੂੰ ਜਾਰੀ ਹੋਇਆ ਸਰਟੀਫਿਕੇਟ ਉਦੋਂ ਤੱਕ ਵੈਲਿਡ ਮੰਨਿਆ ਜਾਵੇਗਾ ਜਦੋਂ ਤੱਕ ਪ੍ਰਾਰਥੀ ਕਰੀਮੀ ਲੇਅਰ ਦੇ ਦਾਇਰੇ ਵਿੱਚ ਨਹੀਂ ਆ ਜਾਂਦਾ ਅਤੇ ਇਸ ਸਬੰਧ ਵਿੱਚ ਪ੍ਰਾਰਥੀ ਕੋਲੋਂ ਇੱਕ ਘੋਸ਼ਣਾ-ਪੱਤਰ(ਡੈਕਲੇਰੇਸ਼ਨ) ਉਸ ਵੱਲੋਂ ਪ੍ਰਤੀਬੇਨਤੀ ਅਪਲਾਈ ਕਰਨ ਸਮੇਂ ਪ੍ਰਤੀਬੇਨਤੀ ਦੇ ਨਾਲ ਪ੍ਰਾਪਤ ਕੀਤਾ ਜਾਵੇਗਾ ਜਿਸ ਵਿੱਚ ਇਹ ਸਪਸ਼ਟ ਤੌਰ ਤੇ ਲਿਖਿਆ ਗਿਆ ਹੋਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਅਧੀਨ ਨਹੀਂ ਆਉਂਦਾ।

3 ਪਰੰਤੂ ਵੱਖ-ਵੱਖ ਫੈਡਰੇਸ਼ਨਾ ਵੱਲੋਂ ਭਲਾਈ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਭਲਾਈ ਵਿਭਾਗ ਦੀਆਂ ਉਪਰੋਕਤ ਹਦਾਇਤਾਂ ਦੇ ਬਾਵਜੂਦ ਪ੍ਰਾਰਥੀਆਂ ਨੂੰ ਕੇਵਲ ਛੇ ਮਹੀਨੇ/ਇੱਕ ਸਾਲ ਪਹਿਲਾ ਬਣੇ ਸਰਟੀਫਿਕੇਟ ਲਿਆਉਣ ਲਈ ਕਿਹਾ ਜਾਂਦਾ ਹੈ ਅਤੇ ਕੁਝ ਵਿਭਾਗਾ/ਯੂਨੀਵਰਸਿਟੀਆ ਵੱਲੋ ਪੱਛੜੀ ਸ਼੍ਰੇਣੀ ਦੇ ਸਰਟੀਫਿਕੇਟ ਦੇ ਪਰਫਾਰਮੇ ਵੀ ਆਪਣੇ ਪੱਧਰ ਤੇ ਬਦਲ ਦਿੱਤੇ ਜਾਂਦੇ ਹਨ। ਅਜਿਹਾ ਨਾ ਕੀਤਾ ਜਾਵੇ।

4 ਭਲਾਈ ਵਿਭਾਗ ਵੱਲੋਂ ਨਵਾਂ ਜਾਰੀ ਕੀਤਾ ਗਿਆ ਪੱਛੜੀ ਸ਼੍ਰੇਣੀ ਦੇ ਸਰਟੀਫਿਕੇਟ ਦਾ ਪਰਫਾਰਮਾ ਇਸ ਪੱਤਰ ਨਾਲ ਭੇਜਦੇ ਹੋਏ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾ ਭਾਗ ਕਿਸੇ ਵਿਅਕਤੀ ਦੀ ਜਾਤੀ ਤਸਦੀਕ ਕਰਦਾ ਹੈ ਅਤੇ ਦੂਸਰਾ ਭਾਗ ਇਹ ਤਸਦੀਕ ਕਰਦਾ ਹੈ ਕਿ ਪ੍ਰਾਰਥੀ ਕਰੀਮੀ ਲੇਅਰ ਦੇ ਦਾਇਰੇ ਵਿੱਚ ਨਹੀ ਆਉਂਦਾ। ਕਿਸੇ ਵਿਅਕਤੀ ਦੇ ਕਰੀਮੀ ਲੇਅਰ ਸਟੇਟਸ ਵਿੱਚ ਕਿਸੇ ਵੀ ਸਮੇਂ ਬਦਲਾਵ ਆ ਸਕਦਾ ਹੈ, ਇਸ ਲਈ ਕਰੀਮੀ ਲੇਅਰ ਸਬੰਧੀ ਕੋਈ ਨਿਸ਼ਚਿਤ ਸਮਾਂ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ ਹੈ।

5 ਇਸ ਲਈ ਭਰਤੀ/ਦਾਖਲੇ ਸਮੇਂ ਪ੍ਰਾਰਥੀ ਤੋਂ ਇਹ ਘੋਸ਼ਣਾ-ਪੱਤਰ(ਡੈਕਲੇਰੇਸ਼ਨ) ਲਈ ਜਾਵੇ ਕਿ ਉਹ ਨਿਰਣਾਇਕ ਮਿਤੀ(Crucial Date) ਨੂੰ ਕਰੀਮੀ ਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ। ਜੇਕਰ ਵੱਖਰੇ ਤੌਰ ਤੇ ਵਿਭਾਗ ਯੂਨੀਵਰਸਿਟੀ ਵੱਲੋਂ ਕੋਈ ਨਿਰਣਾਇਕ ਮਿਤੀ(Crucial Date) ਨਿਰਧਾਰਿਤ ਨਹੀਂ ਕੀਤੀ ਜਾਂਦੀ ਤਾ ਅਰਜ਼ੀਆਂ ਪ੍ਰਾਪਤ ਕਰਨ ਦੀ ਆਖ਼ਰੀ ਹੀ ਮਿਤੀ ਨਿਰਣਾਇਕ ਮਿਤੀ(Crucial Date) ਮੰਨੀ ਜਾਵੇ। ਭਰਤੀ/ਦਾਖ਼ਲੇ ਸਮੇਂ ਪ੍ਰਾਰਥੀ ਵੱਲੋਂ ਲਏ ਜਾਣ ਵਾਲੇ ਘੋਸ਼ਣਾ ਪੱਤਰ ਦਾ ਪ੍ਰੋਫਾਰਮਾ ਇਸ ਪੱਤਰ ਨਾਲ ਨੱਥੀ ਕੀਤਾ ਗਿਆ ਹੈ। ਜੇਕਰ ਪ੍ਰਾਰਥੀ ਨਾਬਾਲਿਗ ਹੋਵੇ ਤਾਂ ਪ੍ਰਾਰਥੀ ਦੀ ਜਾਤੀ ਅਤੇ ਕਰੀਮੀ ਲੇਅਰ ਸਟੇਟਸ ਸਬੰਧੀ ਘੋਸ਼ਣਾ-ਪੱਤਰ ਪ੍ਰਾਰਥੀ ਦੇ ਪਿਤਾ, ਮਾਤਾ ਜਾਂ ਕਾਨੂੰਨੀ ਗਾਰਡੀਅਨ ਤੋਂ ਲਿਆ ਜਾਵੇ। ਪ੍ਰਾਰਥੀ ਦੇ ਸਰਟੀਫਿਕੇਟ ਅਤੇ ਘੋਸ਼ਣਾ-ਪੱਤਰ ਨੂੰ ਸਰਟੀਫਿਕੇਟ ਜ਼ਾਰੀ ਕਰਤਾ ਅਧਿਕਾਰੀ ਵੱਲੋਂ ਤਸਦੀਕ ਕਰਵਾਇਆ ਜਾਵੇ ਅਤੇ ਪ੍ਰਾਰਥੀ ਦੇ ਸਰਟੀਫਿਕੇਟ ਅਤੇ ਘੋਸ਼ਣਾ-ਪੱਤਰ ਦੇ ਅਧਾਰ ਤੇ ਪ੍ਰਾਰਥੀ ਦੀ ਅਸਥਾਈ ਤੌਰ(Provisional basis) ਤੇ ਭਰਤੀ/ਦਾਖਲਾ ਕੀਤਾ ਜਾਵੇ।

6. ਭਲਾਈ ਵਿਭਾਗ ਦੀਆਂ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਆਪਣੇ ਅਧੀਨ ਸਮੂਹ ਕਾਲਜਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ। ਇਨ੍ਹਾਂ ਹਦਾਇਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਹੋਏ ਕਿਸੇ ਵੀ ਕਾਨੂੰਨੀ ਮਸਲੇ ਦਾ ਸਬੰਧਤ ਵਿਭਾਗ/ਯੂਨੀਵਰਸਿਟੀ/ਕਾਲਜ ਜ਼ੁੰਮੇਵਾਰ ਹੋਵੇਗਾ।

ਸਕੱਤਰ ਭਲਾਈ

ਉਪਰੋਕਤ ਦਾ ਇੱਕ ਉਤਾਰਾ ਨਿਮਨਲਿਖਿਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

ਸਕੱਤਰ ਭਲਾਈ
29/6/2016

1. ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼,

## ਭਰਤੀ/ਦਾਖ਼ਲੇ ਸਮੇਂ ਲਏ ਜਾਣ ਵਾਲੇ ਪੱਛੜੀ ਸ਼੍ਰੇਣੀ ਨਾਲ ਸਬੰਧਤ ਵਿਅਕਤੀ ਤੋਂ ਲਏ ਜਾਣ ਵਾਲੇ ਸਵੈ-ਘੋਸ਼ਣਾ ਪੱਤਰ ਦਾ ਪਰਫਾਰਮਾ

1 "ਮੈਂ.......................... ਪੁੱਤਰ/ਪੁੱਤਰੀ ਸ੍ਰੀ ........................ ਵਾਸੀ ............ ਪਿੰਡ/ਕਸਬਾ/ਸ਼ਹਿਰ................. ਜਿਲ੍ਹਾ ................ ਘੋਸ਼ਣਾ ਕਰਦਾ ਹਾ ਕਿ ਮੈ......................... ਜਾਤੀ ਨਾਲ ਸਬੰਧ ਰੱਖਦਾ/ਰੱਖਦੀ ਹਾਂ ਤੇ ਇਹ ਜਾਤੀ ਪੰਜਾਬ ਸਰਕਾਰ ਵੱਲੋਂ ਪੱਤਰ ਨੰ:...................ਮਿਤੀ .......... ਰਾਹੀਂ ਪੱਛੜੀ ਸ਼੍ਰੇਣੀ ਕਰਾਰ ਦਿੱਤੀ ਗਈ ਹੈ।

2 ਮੈ ਇਹ ਵੀ ਘੋਸ਼ਣਾ ਕਰਦਾ ਹਾ ਕਿ ਮੈਂ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਨੰ: 1/41/93-ਰਸ1/459, ਮਿਤੀ 17.01.1994, ਜਿਸ ਨੂੰ ਬਾਅਦ ਵਿੱਚ ਪੱਤਰ ਮਿਤੀ 1/41/93-ਰਸ1/1597 ਮਿਤੀ 17.08.2005, ਮਿਤੀ 1/41/93-ਰਸ1/209, ਮਿਤੀ 4.02.2009 ਅਤੇ ਪੱਤਰ ਨੰ: 1/41/93-ਰਸ1/609 ਮਿਤੀ 24.10.2013 ਨਾਲ ਸੋਧਿਆ ਗਿਆ ਹੈ, ਦੀ ਅਨੁਸੂਚਿਤ ਵਿੱਚ ਦਰਜ ਕਾਲਮ 3 ਦੇ ਅਧੀਨ ਨਹੀਂ ਆਉਂਦਾ।

ਘੋਸ਼ਨਾ ਕਰਤਾ

ਸਥਾਨ:

ਮਿਤੀ

**ਵੈਰੀਫਿਕੇਸ਼ਨ:-**

ਮੈਂ ਇੱਥੇ ਇਹ ਘੋਸ਼ਣਾ ਕਰਦਾ ਹਾਂ ਕਿ ਉਪਰੋਕਤ ਦਿੱਤੀ ਗਈ ਜਾਣਕਾਰੀ ਮੇਰੀ ਸਮਝ ਅਨੁਸਾਰ ਸਹੀ ਵਾ ਦਰੁਸਤ ਹੈ ਅਤੇ ਇਸ ਵਿੱਚ ਕੁਝ ਵੀ ਛੁਪਾਇਆ ਨਹੀਂ ਗਿਆ ਹੈ। ਮੈਂ ਇਨ੍ਹਾਂ ਤੱਥਾਂ ਤੋਂ ਜਾਣੂ ਹਾ ਕਿ ਜੇਕਰ ਮੇਰੀ ਕੋਈ ਵੀ ਦਿੱਤੀ ਸੂਚਨਾਂ ਗਲਤ ਨਿਕਲਦੀ ਹੈ ਤਾਂ ਮੈਂ ਕਾਨੂੰਨ ਵਿੱਚ ਦਰਜ ਸਜ਼ਾ ਦਾ ਹੱਕਦਾਰ ਹੋਵਾਂਗਾ ਅਤੇ ਪ੍ਰਾਰਥੀ ਨੂੰ ਇਸ ਸੂਚਨਾਂ ਦੇ ਆਧਾਰ ਤੇ ਦਿੱਤੇ ਗਏ ਲਾਭ ਵਾਪਿਸ ਲੈ ਲਏ ਜਾਣਗੇ।

ਘੋਸ਼ਨਾ ਕਰਤਾ

ਸਥਾਨ:

ਮਿਤੀ:

# Government of Punjab

Office of the ________________ District____________

## Certificate of Backward Class

Certificate No____ ________

This is to certify that Shri/Smt./Kumari ____________________

Son/Daughter of ______________________

Village ______________________

District/Division ______________________

In the State of Punjab belongs to the _______________ community which is recognized as a backward class under the Government of Punjab, Department of Welfare of SCs and BCs vide Notification No.____________________________ dated________

Shri/Smt/Kumari________________ and/or his/her family ordinarily resides in the _______________ District/Division of the State of Punjab.

This is also to certify that he/she does not belong to the persons/sections (Creamy Layer) mentioned in Column 3 of the Schedule to the Government of Punjab, Department of Welfare of SCs and BCs Notification No. 1/41/93-RC1/' dated 17.01.1994, as amended vide Notification No. 1/41/93-RC1/1597 dated 17.08.2005, Notification. No. 1/41/93-RC1/209 dated 24.02.2009 and Notification No. 1/41/93-RC1/609 dated 24.10.2013.

Date of Issuance:

Space for photograph

Signature of Issuing Authority

Designation:

Date:

Place:

Note:- The term "Ordinarily" used here will have same meaning as in Section 20 of Representation of People Act, 1950.